ਡਾ.ਹਰਪ੍ਰੀਤ ਕੌਰ
ਅਸਿਸਟੈਂਟ ਪ੍ਰੋਫੈਸਰ
ਪੰਜਾਬੀ ਵਿਭਾਗ

# ਤਿਉਹਾਰ

- ਤਿਉਹਾਰ ਪੰਜਾਬੀ ਸਮਾਜ ਵਿੱਚ ਨਿਵੇਕਲੀ ਥਾਂ ਰੱਖਦੇ ਹਨ ਹਰ ਸਮਾਜ ਵਿੱਚ ਵਖੱ ਵੱਖ  ਤਿਉਹਾਰ ਅਤੇ ਉਹਨਾਂ ਨੂੰ ਮਨਾਉਣ ਦੇ ਢੰਗ ਵੀ ਵੱਖ ਵੱਖ ਹੁੰਦੇ ਹਨ। ਪੁਸਤਕ ਮੇਰਾ ਪਿੰਡ ਆਧਾਰਿਤ ਲੋਕਾਂ ਵਿੱਚ ਤਿਉਹਾਰ ਨੂੰ ਮਨਾਓਣ ਦੀ ਬੜੀ ਹੀ ਓਕੁਸੁਕਤਾ ਰਹਿੰਦੀ ਸੀ। ਤਿਉਹਾਰਾਂ ਸਮੇਂ ਇਸਤਰੀਆਂ, ਮਰਦ ਅਤੇ ਬੱਚੇ ਸਾਰੇ ਨਵੇਂ ਕੱਪੜੇ ਪਾਉਂਦੇ ਹਨ ਅਤੇ ਵਿਆਹ ਵਾਂਗ ਤਿਉਹਾਰਾਂ ਨੂੰ ਵੀ ਇੱਕਠੇ ਰਲ ਕ ਮਨਾਉਂਦ ਸਨ। ਭਾਰਤ ਵਿੱਚ ਮਨਾਏ ਜਾਣ ਵਾਲ ਤਿਉਹਾਰਾਂ ਨੂੰ ਲਕੋ ਸਦੀਆਂ ਤੋਂ ਮਨਾਉਂਦੇ ਆ ਰਹੇ ਹਨ ਅਤੇ ਤਿਉਹਾਰਾਂ ਸਮੇਂ ਭਾਰਤੀ ਲੋਕਾਂ ਦੇ ਚਿਹਰੇ ਉੱਪਰ ਖੁਸ਼ੀ ਦੇਖੀ ਜਾਂਦੀ ਸੀ। ਪੁਸਤਕ ਆਧਾਰਿਤ ਮਨਾਏ ਜਾਣ ਵਾਂਲੇ ਤਿਉਹਾਰ ਹੇਠ ਲਿਖੇ ਹਨ :

- ਰੱਖੜੀ
- ਦੁਸਹਿਰਾ
- ਦੀਵਾਲੀ
- ਲੋਹੜੀ
- ਹੋਲੀ
- ਬਸੰਤ ਪੰਚਮੀ
- ਕਰਵਾ ਚੌਥ
- ਗੁਰਪੂਰਬ
- ਮਾਘੀ
- ਗੁੱਗਾ ਨਮੌੀ
- ਤੀਆਂ

# ਰੱਖੜੀ

- 
- ਰੱਖੜੀ ਦਾ ਤਿਓਹਾਰ ਸ੍ਰਾਓਣ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਣ ਵਾਲਾ ਤਿਓਹਾਰ ਹੈ। ਜਿਸ ਦੇ ਸੰਬੰਧ ਵਿੱਚ ਕਈ ਕਹਾਣੀਆਂ ਘੜੀਆਂ ਗਈਆਂ ਹਨ, ਕਿ ਇਹ ਤਿਓਹੁ ਾਰ ਕਿਉਂ ਮਨਾਇਆ ਜਾਂਦਾ ਹੈ ? ,,,,ਰੱਖੜੀ ਬਾਰੇ ਧਾਰਨਾ ਹੈ ਕਿ ਇਕ ਰਾਜਪੂਤਾਨੇ ਦੀ ਰਾਣੀ ਦੀ ਸੀ, ਉਸ ਨੇ ਹਮਾਯੂੰ ਨੂੰ ਇਕ ਰਾਖੀ ਭੇਜੀ, ਹੁਮਾਯੂੰ ਨੇ ਇਸ ਰਾਖੀ ਦਾ ਕਾਰਨ ਪੁੱਛ ਕੇ ਰਾਣੀ ਕਿਸ੍ਰਬਣਤੀ ਨੂੰ ਭੈਣ ਮੰਨ ਕੇ ਭਾਈ ਦੇ ਫਰਜ਼ ਨਿਭਾਏ। ਇਸ ਤਰ੍ਹਾਂ ਉਸਨੇ ਧਾਗੇ ਵਿੱਚ ਬੱਧੀ ਭਾਵਨਾ ਦੇ ਪ੍ਰਕਾਸ਼ ਕਾਰਨ ਰੂਪਨਗਰ ਦੇ ਰਾਜੇ ਨੇ ਔਰੰਗਜੇਬ ਨਾਲ ਯੁੱਧ ਲੜ ਕੇ ਰਾਜਕੁਮਾਰੀ ਦਾ ਬਚਾ ਕੀਤਾ।’’

- ,,,,ਦੂਜੀ ਕਹਾਣੀ ਰੱਖੜੀ ਬਾਰੇ ਇੰਦਰ ਦੇਵਤੇ ਨਾਲ ਸੰਬੰਧਿਤ ਕਹੀ ਜਾਂਦੀ ਹੈ ਕਿ ਇੰਦਰ ਦੇਵਤਾ ਰਾਖਸ਼ਾ ਨਾਲ ਲੜਦਾ ਹਾਰ ਗਿਆ। ਦੂਜੇ ਦਿਨ ਰੱਖੜੀ ਦੇ ਦਿਨ ਇੰਦਰ ਦੀ ਰਾਣੀ ਨੇ ਬ੍ਰਾਹਮਣਾਂ ਤੋਂ ਜਾਪ ਕਰਾ ਕੇ ਰਖਸ਼ਾ ਬੰਧਨ ਦੀ ਰਸਮ ਅਦਾ ਕਰਵਾਈ। ਇਸੇ ਕਾਰਨਾਂ ਨੂੰ ਮਹੱਤਵ ਦੇ ਕੇ ਹੀ ਰੱਖੜੀ ਬੰਨ੍ਹਣ ਨੂੰ ਮਹੱਤਵ ਦਿੱਤਾ ਜਾਣ ਲੱਗ ਪਿਆ। ਇਹ ਕਹਾਣੀਆਂ ਲੋਕਾਂ ਤੋਂ ਸੁਣੀਆਂ ਸੁਣਾਈਆਂ ਹਨ।’’59 .

- ਇਸ ਤਰ੍ਹਾਂ ਰੱਖੜੀ ਦਾ ਤਿਓਹਾਰ ਹਰ ਸਾਲ ਸਾਵਣ ਦੀ ਪੂਰਨਮਾਸੀ ਨੂੰ ਭਾਰਤ ਵਿੱਚ ਮਨਾਇਆ ਜਾਣ ਲੱਗਾ ਹੈ। ਇਸ ਦਿਨ ਭੈਣ ਆਪਣੇ ਭਰਾ ਦੇ ਗੁੱਟ ਦੇ ਧਾਗੇ ਦੇ ਰੂਪ ਵਿੱਚ ਰੱਖੜੀ ਬੰਨਦੀ ਹੈ ਅਤੇ ਭਰਾ ਦੀ ਲੰਬੀ ਓਮੁਰ ਦੀ ਕਾਮਨਾ ਕਰਦੀ ਹੈ। ਭਰਾ ਆਪਣੀ ਭੈਣ ਨੂੰ ਸ਼ਗਨ ਜਾਂ ਕੋਈ ਤੋਹਫ਼ਾ ਦਿੰਦਾ ਹੈ।

# ਦੀਵਾਲੀ

- ਦੀਵਾਲੀ ਪੂਰੇ ਭਾਰਤ ਵਿੱਚ ਹਿੰਦੂਆਂ ਅਤੇ ਸਿੱਖਾਂ ਵਿੱਚ ਮਨਾਇਆ ਜਾਂਣ ਵਾਲਾ ਤਿਓਹਾਰ ਹੈ। ਹਿੰਦੂਆਂ ਵਿੱਚ ਬਣਾਏ ਜਾਣ ਦਾ ਕਾਰਨ ਇਹ ਮੰਨਿਆ ਗਿਆ ਹੈ ਕਿ ਇਸ ਦਿਨ ਰਾਮ ਚੰਦਰ ਜੀ ਸੀਤਾ ਨੂੰ ਵਾਪਿਸ ਲੈ ਕੇ ਅਯੁੱਧਿਆ ਪਰਤੇ ਅਤੇ ਵਾਪਿਸ ਆਉਣ ਦੀ ਖੁਸ਼ੀ ਵਿੱਚ ਦੀਵੇ ਬਾਲੇ ਗਏ ਅਤੇ ਸਿੱਖਾਂ ਵਿੱਚ ਦੀਵਾਲੀ ਮਨਾਏ ਜਾਣ ਦਾ ਕਾਰਨ ਇਹ ਹੈ ਕਿ ਸਿੱਖਾਂ ਦੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਗਵਾਲੀਅਰ ਦੇ ਕਿਲ੍ਹੇ ਵਿੱਚੋਂ 52 ਰਾਜਿਆਂ ਨੂੰ ਰਿਹਾਅ ਕਰਵਾਇਆ ਅਤੇ ਅੰਮ੍ਰਿਤਸਰ ਪਹੁੰਚੇ, ਜਿਸ ਦੀ ਖੁਸ਼ੀ ਵਿੱਚ ਸਿੱਖਾਂ ਵਲੋਂ ਦੀਵੇ ਬਾਲੇ ਗਏ ਸਨ

# ਲੋਹੜੀ

- ਲੋਹੜੀ ਦਾ ਤਿਉਹਾਰ ਮਾਘ ਦੀ ਸੰਗਰਾਂਦ ਤੋਂ ਪਹਿਲੀ ਰਾਤ ਨੂੰ ਮਨਾਇਆ ਜਾਂਦਾ ਹੈ। ,,,,ਲੋਹੜੀ ਮਨਾਉਣ ਦਾ ਕਾਰਨ ਇਹ ਕਿਹਾ ਜਾਂਦਾ ਹੈ ਕਿ ਹੋਲਿਕਾ ਅਤੇ ਲੋਹੜੀ ਹਰਨਾਕਸ਼ ਦੀਆਂ ਭੈਣਾਂ ਸਨ, ਇਨ੍ਹਾਂ ਨੂੰ ਵਰ ਦੀ ਪ੍ਰਾਪਤ ਸੀ ਕਿ ਅੱਗ ਉਨ੍ਹਾਂ ਨੂੰ ਸਾੜ ਨਹੀ ਸਕਦੀ। ਹਰਨਾਕਸ਼ ਦਾ ਪੁੱਤਰ ਪ੍ਰਹਿਲਾਦ ਜੋ ਰੱਬ ਦਾ ਭਗਤ ਸੀ, ਨਾਲ ਹਰਨਾਕਸ਼ ਨੂੰ ਘ੍ਰਿਣਾ ਸੀ ਤੇ ਉਹ ਮਾਰਨਾ ਚਾਹੁੰਦਾ ਸੀ। ਹਰਨਾਕਸ਼ ਨੇ ਹੋਲਿਕਾ ਅਤੇ ਲੋਹੜੀ ਨੂੰ ਵਾਰੋ ਵਾਰ ਪ੍ਰਹਿਲਾਦ ਨੂੰ ਗੋਦੀ ਵਿੱਚ ਲੈ ਕੇ ਬੈਠਣ ਨੂੰ ਕਿਹਾ। ਉਹ ਦੋਨਾਂ ਭੈਣਾਂ ਸੜ ਗਈਆਂ, ਪਰੰਤੂ ਪ੍ਰਹਿਲਾਦ ਦਾ ਕੁਝ ਨਹੀਂ ਵਿਗੜਿਆ। ਉਸੇ ਦਿਨ ਤੋਂ ਹੀ ਲੋਕਾਂ ਵਿੱਚ ਲੋਹੜੀ ਮਨਾਏ ਜਾਣ ਦਾ ਕਾਰਨ ਮੰਨਿਆ ਗਿਆ ਹੈ।’’62

- ਲੋਹੜੀ ਦਾ ਤਿਉਹਾਰ ਹਰ ਗਲੀ, ਮੁਹੱਲੇ ਵਿੱਚ ਪਾਥੀਆਂ ਜਾਂ ਲੱਕੜੀ ਦਾ ਧੂਣੀ ਬਾਲ ਕੇ ਇਸ ਵਿੱਚ ਤਿਲ ਦੇ ਦਾਣੇ ਸੁੱਟੇ ਜਾਂਦੇ ਹਨ ਤੇ ਉਚਾਰਨ ਕੀਤਾ ਜਾਂਦਾ ਹੈ:-

  ਈਸ਼ਰ ਆਏ ਦਲਿੱਦਰ ਜਾਏ

  ਦਲਿੱਦਰ ਦੀ ਜੜ੍ਹ ਚੁੱਲੇ ਪਾਏ।

# ਹੋਲੀ

- ਹੋਲੀ ਦੇ ਤਿਉਹਾਰ ਤੇ ਲੋਕਾਂ ਦੀ ਧਾਰਨਾ ਹੈ ਕਿ ,,,,ਪ੍ਰਹਿਲਾਦ ਦੀ ਭੂਆ ਹੋਲਕਾ ਦੇ ਕਾਲੇ ਕਾਰਨਾਮੇ ਕਰਕੇ ਹੋਲੀ ਦਾ ਨਾਂ ਪਿਆ ਮੰਨਿਆ ਜਾਂਦਾ ਹੈ। ਆਪਣੇ ਭਾਈ, ਹਰਨਾਖਸ਼ ਦੇ ਪੁੱਤਰ ਪ੍ਰਹਿਲਾਦ ਨੂੰ ਮਾਰ ਮਕੁਾਉਣ ਦੀ ਵਿਉਂਤ ਵਿਚੱ ਹੋਲਕਾ ਸਹਾਈ ਹੋਈ। ਪ੍ਰਹਿਲਾਦ ਨੂੰ ਸਾੜਨ ਲਈ ਹੋਲਕਾ ਜਾਦੂ ਦਾ ਕੜਾ ਪਹਿਨ ਕੇ ਅਗੱ ਵਿਚੱ ਬੈਠੀ। ਪਰੰਤੂ ਪ੍ਰਹਿਲਾਦ ਫਿਰ ਵੀ ਬਚ ਲਿਆ ਅਤੇ ਹੋਲਕਾ ਸੜ ਕੇ ਸੁਆਹ ਹੋ ਗਈ।’’63 ਇਸ ਕਰਕੇ ਹੀ ਹੋਲੀ ਦੀ ਮਹਾਨਤਾ ਦਰਸਾਈ ਜਾਂਦੀ ਰਹੀ ਹੈ।

- ਅਸਲ ਵਿੱਚ ਹੋਲੀ ਦੇ ਤਿਉਹਾਰ ਵਿੱਚ ਇਕ ਦੂਜੇ ਉੱਤੇ ਰੰਗ ਪਾਉਣ ਵਜੋਂ ਮਨਾਈ ਜਾਂਦੀ ਹੈ। ਪੰਜਾਬ ਦੇ ਪਿੰਡਾਂ ਵਿੱਚ ਇਹ ਤਿਉਹਾਰ ਦਿਉਰ ਭਰਜਾਈ ਦਾ ਤਿਉਹਾਰ ਹੈ। ਜੁਆਨ ਭਾਬੀਆਂ ਦਿਉਰਾਂ ਨੂੰ ਛੇੜਦੀਆਂ ਹਨ ਤੇ ਰੰਗ ਪਾਉਂਦੀਆਂ ਹਨ। ਦਿਉਰ ਭਾਬੀਆਂ ਨਾਲ ਛੇੜਖਾਨੀਆਂ ਕਰਦੇ ਉਨ੍ਹਾਂ ਉੱਤੇ ਰੰਗ ਪਾਉਂਦੇ ਇਕ ਦੂਜੇ ਦੇ ਕੱਪੜੇ ਰੰਗ ਨਾਲ ਭਰਦੇ ਹਨ।

# ਬਸੰਤ ਪੰਚਮੀ

- ,,,,ਆਈ ਬਸੰਤ ਪਾਲਾ ਉਡੰਤ’
- ਪੁਸਤਕ ,,ਮੇਰਾ ਪਿੰਡ’ ਦੇ ਆਧਾਰਿਤ ਬਸੰਤ ਪੰਚਮੀ ਦੇ ਦਿਨ ਪਿੰਡ ਦੇ ਮੁੰਡੇ ਕੁੜੀਆਂ ਝੱਗੇ, ਚੁੰਨੀਆਂ ਬਸੰਤੀ ਰੰਗਾਂ ਜਿਵੇਂ ਖੇਤਾਂ ਵਿੱਚ ਸਰਵਾਂ ਦੇ ਫੁੱਲਾਂ ਨੇ ਰੌਣਕ ਲਾਈ ਹੁੰਦੀ ਹੈ, ਉਹੋ ਜਿਹੇ ਪਹਿਰਾਵੇ ਪਾ ਕੇ ਇਹ ਕਈ ਵਾਰੀ ਤਾਂ ਪਿੰਡਾਂ ਵਿੱਚ ਬਸੰਤੀ ਰੰਗ ਦੇ ਝਲਕਾਰੇ ਪੁਆ ਛੱਡਦੇ। ਮਾਘੀ ਦਾ ਦਿਨ ਵੀ ਚੰਗਾ ਸਵਾਦਲੀਆਂ ਚੀਜ਼ਾਂ ਖਾਣ ਲਈ ਮੇਲ ਬਣਾ ਦਿੰਦਾ ਹੈ।’’

- ਸਭ ਲੋਕ ਬਸੰਤ ਪੰਚਮੀ ਦੇ ਦਿਨ ਬਸੰਤੀ ਰੰਗ ਦੇ ਕੱਪੜੇ ਪਹਿਨਦੇ ਹਨ। ਪਤੰਗ ਉਡਾਓਣੂ ਦੇ ਸ਼ੌਕੀਨ ਇਕ ਦੂਜੇ ਦੀ ਗੁਡੀ ਲੁੱਟਣ ਦੀ ਖਡੇ ਖੇਡਦੇ ਹਨ।
- ਬਸੰਤ ਪੰਚਮੀ ਦੇ ਦਿਨ ਲੋਕਾਂ ਵਿਚੱ ਬਸੰਤੀ ਰੰਗ ਦੇ ਕਪੜ ੇਪਾਏ ਜਾਂਦੇ ਹਨ। ਪਤੰਗ ਉਡਾਉਣ ਦ ੇਸ਼ੌਕੀਨ ਗੁਡੀ ਲੁਟੱਣ ਦੀ ਖਡੇ ਖੇਡਦੇ ਹਨ। ਇਸ ਦਿਨ ਪਤੰਗ ਉਡਾਓਣੂ ਦੀ ਰਸਮ ਲੋਕਾਂ ਵਿੱਚ ਵਧੇਰੇ ਕੀਤੀ ਜਾਂਦੀ ਹੈ। ਸ਼ਹਿਰਾਂ ਵਿੱਚ ਬਸੰਤ ਪੰਚਮੀ ਨੂੰ ਲੋਕ ਬਹੁਤ ਵਧੀਆ ਢੰਗ ਨਾਲ ਮਨਾਉਂਦੇ ਹਨ। ਬਸੰਤੀ ਕੱਪੜੇ ਪਹਿਨਦੇ ਹਨ, ਪਤੰਗ ਉਡਾਉਂਦੇ ਹਨ ਅਤੇ ਮਿਠਾਈਆਂ ਖਾਂਦੇ ਹਨ ਅਤੇ ਲੋਕਾਂ ਵਿੱਚ ਵੰਡਦੇ ਹਨ।

# ਕਰਵਾ ਚੌਥ

- ਪੁਸਤਕ „ਮੇਰਾ ਪਿਡੰ ’ ਆਧਾਰਿਤ „„ਕਰਵਾ ਚੌਥ ਦਾ ਤਿਉਹਾਰ ਵਿਆਹੀਆਂ ਕੁੜੀਆਂ (ਸੁਹਾਗਣਾਂ) ਰੱਖਦੀਆਂ ਹਨ। ਵਿਸ਼ਵਾਸ ਬਣਿਆ ਹੈ ਕਿ ਇਸ ਦਾ ਫਲ ਪਤੀ ਲਈ ਚਿਰੰਜੀਵਤਾ ਦੀ ਕਾਮਨਾ ਹੋਣ ਕਾਰਨ ਸੁਖਕਾਰੀ ਸਮਝਿਆ ਜਾਂਦਾ ਹੈ। ਵਰਤ ਵਾਲੇ ਦਿਨ ਕੁੜੀਆਂ ਨੂੰ ਆਮ ਤੌਰ ਤੇ ਸਹੁਰਿਆਂ ਤੋਂ ਪੇਕੇ ਲਿਜਾਇਆ ਜਾਂਦਾ ਹੈ। ਜੇਕਰ ਵਿਆਹੀ ਕੁੜੀ ਸਹੁਰੀ ਹੋਵੇ ਤਾਂ ਉੱਥੇ ਸਰਘੀ ਦਾ ਬੋਹੀਆ ਭੇਜਿਆ ਜਾਂਦਾ ਹੈ। ਵਰਤ ਦਾ ਫ਼ਲ ਮਾਂ ਦੇ ਪੁੱਤ ਤੇ ਸੱਸ ਦੇ ਸੁੱਖੀ ਲੱਧੇ ਜਵਾਈ ਦੀ ਚਿਰੰਜੀਵਤਾ ਦੀ ਕਾਮਨਾ ਲਈ ਹੁੰਦਾ ਹੈ।’’

- ,,,,ਵਰਤ ਵਾਲੇ ਦਿਨ ਸਵੇਰੇ ਤਾਰਿਆਂ ਦੀ ਛਾਵੇਂ ਪਹਿਰ ਦੇ ਤੜਕੇ ਮਿੱਠੀਆਂ ਰਟੀਆਂ ਦੀ ਚੂਰੀ ਕੁੱਟ ਕੇ ਰੱਜ-ਰੱਜ ਕੇ ਖਾਧੀ ਜਾਂਦੀ ਹੈ। ਭੁੱਖ ਦੀ ਲਾਲਸਾ ਨੂੰ ਮਿਟਾਉਣ ਲਈ ਵਰਤ ਵਾਲੀਆਂ ਔਰਤਾਂ ਇਕੱਠੀਆਂ ਹੋ ਕੇ ਇੱਧਰ-ਉੱਧਰ ਘੁੰਮਦੀਆਂ ਰਹਿੰਦੀਆਂ ਹਨ, ਤਾਂ ਜੋ ਕੁਝ ਸਮੇਂ ਲਈ ਆਪਣੀ ਭੁੱਖ ਨੂੰ ਭੁੱਲ ਜਾਣ। ਵਰਤ ਰੱਖਣ ਵਾਲੀਆਂ ਕੁੜੀਆਂ ਕਦੀ ਕਥਾਵਾਂ ਸੁਣਦੀਆਂ ਹਨ ਅਤੇ ਕਥਾਵਾਂ ਸੁਣ ਕੇ ਦੁਪਹਿਰ ਸਮੇਂ ਕੋਈ ਫ਼ਲ ਜਾਂ ਚਾਹ ਪੀ ਲੈਂਦੀਆਂ ਹਨ ਅਤੇ ਸੁਹਾਗਣਾਂ ਰੀਝਾਂ ਨਾਲ ਵਰਤ ਪੂਰਾ ਕਰਦੀਆਂ ਹਨ ਅਤੇ ਸ਼ਾਮ ਨੂੰ ਚੰਨ੍ਹ ਚੜ੍ਹਨ ਤੋਂ ਬਾਅਦ ਅਰਘ ਦਿੰਦੀਆਂ ਹਨ। ਅਰਘ ਦਿੰਦੇ ਸਮੇਂ ਟੋਟਾ ਗਾਉਂਦੀਆਂ ਹਨ :-
- ,,,,ਸਿਉ ਦੇਉ ਘਰ ਬਾਰ ਬਾਲ ਚੰਦਾ ਅਰਘ ਦੇਇ।
- ਜਿਉ ਲਾੜੇ ਘਰ ਬਾਰ, ਹਥ ਫੜੀ ਸਿਰ ਧਰੀ।
ਸੁਹਾਗਣ ਭਾਗਣ ਅਰਘ ਦੇ, ਚੁਬਾਰੇ ਚੜ੍ਹੀ ਅਰਘੀ ਦੇਹ।''